ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ,
ਪੀ.ਐਸੀਈ.ਬੀ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼ 8, ਐਸ.ਏ.ਐਸ ਨਗਰ।
ਵੈਬ ਸਾਈਟ: www.educationrecruitmentboard.com

---

## ਸੋਧ ਪੱਤਰ

ਪੰਜਾਬ ਸਿੱਖਿਆ ਵਿਭਾਗ ਵੱਲੋਂ 645 ਡੀ.ਪੀ.ਈ ਅਤੇ 25 ਲੈਕਚਰਾਰ ਸਰੀਰਕ ਸਿੱਖਿਆ ਦੀਆਂ ਅਸਾਮੀਆਂ ਨੂੰ ਠੇਕੇ ਤੇ ਨਿਯੁਕਤੀ ਲਈ ਭਰਤੀ ਕਰਨ ਸਬੰਧੀ ਆਨ-ਲਾਈਨ ਪ੍ਰਤੀ ਬੇਨਤੀਆਂ ਦੀ ਮੰਗ ਵਿਭਾਗ ਦੀ ਵੈਬ ਸਾਈਟ ਤੇ ਮਿਤੀ 28.02.2014 ਤੱਕ ਕੀਤੀ ਗਈ ਸੀ। ਜਿਸ ਵਿੱਚ ਕੁੱਝ ਉਮੀਦਵਾਰਾ ਨੇ ਬੀ.ਸੀ ਕੈਟਾਗਰੀ ਅਤੇ ਸਪੋਰਟਸ ਕੈਟਾਗਰੀ ਵਾਲੇ ਦੋਨੋ ਕਾਲਮਾਂ ਵਿੱਚ ਸਹੀ ਕੀਤਾ ਹੈ। ਜਦੋਂ ਕਿ ਵਿਗਿਆਪਨ ਦੀ ਸ਼ਰਤਾਂ ਅਨੁਸਾਰ ਬੀ.ਸੀ ਕੈਟਾਗਰੀ ਵਿੱਚ ਬੀ.ਸੀ (ਸਪੋਰਟਸ) ਸਬ-ਕੈਟਾਗਰੀ ਨਹੀਂ ਹੈ।ਇਸ ਲਈ ਜਿਨ੍ਹਾਂ ਉਮੀਦਵਾਰਾ ਵੱਲੋਂ ਆਨ ਲਾਈਨ ਅਪਲਾਈ ਕਰਦੇ ਸਮੇਂ ਬੀ.ਸੀ ਅਤੇ ਸਪੋਰਟਸ ਦੋਵਾਂ ਤੇ ਸਹੀ ਕੀਤਾ ਗਿਆ ਹੈ।ਉਹ ਉਮੀਦਵਾਰ ਵਿਭਾਗ ਦੀ ਵੈਬ ਸਾਈਟ ਤੇ ਮਿਤੀ 30.05.2014 ਤੱਕ ਆਪਣੇ ਕੈਟਾਗਰੀ ਵਾਲੇ ਕਾਲਮ ਵਿੱਚ ਦਰਸਾ ਸਕਦੇ ਹਨ ਕਿ ਉਹ ਬੀ.ਸੀ ਕੈਟਾਗਰੀ ਵਿੱਚ ਰਹਿਣਾ ਚਾਹੁੰਦੇ ਹਨ ਜਾਂ ਸਪੋਰਟਸ ਕੈਟਾਗਰੀ ਵਿੱਚ ਰਹਿਣਾ ਚਾਹੁੰਦੇ ਹਨ। ਅਜਿਹੇ ਕੇਸਾਂ ਦੇ ਉਮੀਦਵਾਰਾ ਦੀ ਲਿਸਟ ਵਿਭਾਗ ਦੀ ਵੈਬ ਸਾਈਟ www.educationrecruitmentboard.com ਤੇ ਅਪਲੋਡ ਕੀਤੀ ਗਈ ਹੈ। ਉਮੀਦਵਾਰ ਇਸ ਸਬੰਧੀ ਆਨ ਲਾਈਨ Log in ਕਰਕੇ ਦਰੁਸਤੀ ਕਰ ਸਕਦੇ ਹਨ ਅਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਜੇਕਰ ਕੋਈ ਉਮੀਦਵਾਰ ਬੀ.ਸੀ ਕੈਟਾਗਰੀ ਵਿੱਚ ਸਹੀ ਕਰੇਗਾ, ਉਸ ਨੂੰ ਬੀ.ਸੀ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਅਤੇ **ਜੇਕਰ ਕੋਈ ਉਮੀਦਵਾਰ ਬੀ.ਸੀ ਅਤੇ ਸਪੋਰਟਸ ਦੋਵਾਂ ਕੈਟਾਗਿਰੀਆਂ ਵਿੱਚ ਸਹੀ ਕਰੇਗਾ ਤਾਂ ਉਸ ਨੂੰ ਸਪੋਰਟਸ ਜਨਰਲ ਕੈਟਾਗਿਰੀ ਵਿੱਚ ਵਿਚਾਰਿਆ ਜਾਵੇਗਾ**।ਉਪਰੋਕਤ ਮਿਤੀ 30-05-2014 ਤੋਂ ਬਾਅਦ ਕੋਈ ਦਰਖਾਸਤ ਕਿਸੇ ਵੀ ਹਾਲਤ ਵਿੱਚ ਨਹੀਂ ਵਿਚਾਰੀ ਜਾਵੇਗੀ।

**ਨੋਟ:** ਕਿਸੇ ਵੀ ਹਾਲਤ ਵਿੱਚ ਉਪਰੋਕਤ ਨੂੰ ਕੈਟਾਗਰੀ ਤਬਦੀਲੀ ਨਾ ਸਮਝਿਆ ਜਾਵੇ।ਇਹ ਸਿਰਫ ਪ੍ਰੋਵੀਜਨਲ ਮੈਰਿਟ ਬਣਾਉਣ ਲਈ ਹੈ, ਤਾਂ ਕਿ ਕੋਈ ਕਾਨੂੰਨੀ ਅੜਚਣ ਨਾ ਆਵੇ।

ਚੇਅਰਪਰਸਨ ਸਿੱਖਿਆ ਭਰਤੀ ਬੋਰਡ ਕਮ-
ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ
ਪੰਜਾਬ।